# ਕਨੈਕਸ਼ਨਜ਼ ਸਟੈਫ਼ਰਡਸ਼ਾਇਰ ਵਿਚ ਜੀ ਆਇਆਂ ਨੂੰ

## ਨੌਜਵਾਨਾਂ ਲਈ ਕਨੈਕਸ਼ਨਜ਼

ਕਨੈਕਸ਼ਨਜ਼ **13 – 19** ਦੀ ਉਮਰ ਦੇ ਨੌਜਵਾਨਾਂ ਨੂੰ (ਅਤੇ ਸਿੱਖਣ ਵਿਚ ਆਉਣ ਵਾਲੀਆਂ ਮੁਸ਼ਕਿਲਾਂ ਵਾਲੇ 25 ਸਾਲ ਤਕ ਦੀ ਉਮਰ ਦੇ ਨੌਜਵਾਨਾਂ ਨੂੰ) ਮੁਫ਼ਤ ਮਦਦ ਦੇਣ ਵਾਲੀ ਸੇਵਾ ਹੈ।

### ਅਸੀਂ ਕੀ ਕਰਦੇ ਹਾਂ

ਸਾਡਾ ਕੰਮ ਤੁਹਾਨੂੰ ਜਾਣਕਾਰੀ, ਸਲਾਹ ਅਤੇ ਮਦਦ ਦੇਣਾ ਹੈ, ਜਿਹਦੇ ਨਾਲ ਤੁਹਾਨੂੰ ਬਹੁਤ ਸਾਰੇ ਕੰਮਾਂ ਵਿਚ ਮਦਦ ਮਿਲ ਸਕੇ, ਜਿਵੇਂ ਕਿ -

- **ਪੜ੍ਹਾਈ ਅਤੇ ਸਿੱਖਿਆ** - ਵੱਖ ਵੱਖ ਕੋਰਸਾਂ ਬਾਰੇ, ਅਤੇ ਤੁਹਾਡੇ ਭਵਿੱਖ ਬਾਰੇ ਫ਼ੈਸਲੇ ਕਰਨ ਬਾਰੇ ਜਾਣਕਾਰੀ ...
- **ਕੰਮ** - ਵੱਖ ਵੱਖ ਕੰਮਾਂ ਧੰਦਿਆਂ, ਨੌਕਰੀ ਲੱਭਣ, ਸਿਖਲਾਈ ਅਤੇ ਅਪ੍ਰੈਂਟਿਸਸ਼ਿਪ ਬਾਰੇ ਜਾਣਕਾਰੀ
- **ਪੈਸੇ** - ਆਪਣੇ ਪੈਸਿਆਂ ਅਤੇ ਬੈਨੀਫ਼ਿਟਾਂ ਵਗ਼ੈਰਾ ਦਾ ਪ੍ਰਬੰਧ ਕਿਵੇਂ ਚਲਾਓ...
- **ਸੰਬੰਧ** - ਬੁਆਏਫ਼੍ਰੈਂਡ/ਗਰਲਫ਼੍ਰੈਂਡ, ਪਰਿਵਾਰ ਅਤੇ ਦੋਸਤ
- **ਸਿਹਤ**- ਸਰੀਰਕ ਅਤੇ ਮਾਨਸਿਕ ਸਿਹਤ ਬਾਰੇ ਜਾਣਕਾਰੀ
- **ਰਿਹਾਇਸ਼** - ਰਿਹਾਇਸ਼ ਦੀ ਚੋਣ ਕਰਨਾ
- **ਸੁਰੱਖਿਅਤ ਰਹਿਣਾ** - ਇੰਟਰਨੈੱਟ 'ਤੇ, ਧੌਂਸਬਾਜ਼ਾਂ ਤੋਂ, ਅਤੇ ਆਪਣੇ ਘਰ ਵਿਚ ਅਤੇ ਆਲੇ ਦੁਆਲੇ ਵਿਚ ਸੁਰੱਖਿਅਤ ਰਹਿਣਾ...
- **ਚਿੰਤਾਵਾਂ** - ਬਰਤਾਨੀਆ ਵਿਚ ਜ਼ਿੰਦਗੀ ਬਾਰੇ ਅਤੇ ਤੁਹਾਨੂੰ ਕੀ ਕਰਨ ਦਾ ਹੱਕ ਹੈ, ਇਹਦੇ ਬਾਰੇ ਚਿੰਤਾਵਾਂ
- **ਸਿੱਖਣ ਵਿਚ ਆਉਣ ਵਾਲੀਆਂ ਮੁਸ਼ਕਿਲਾਂ ਅਤੇ ਨਿਰਯੋਗਤਾਵਾਂ** - ਤੁਹਾਡੀਆਂ ਲੋੜਾਂ ਅਨੁਸਾਰ ਮਾਹਿਰਾਂ ਤੋਂ ਮਦਦ
- **ਤੁਹਾਡਾ ਵਿਹਲਾ ਸਮਾਂ** - ਖੇਡਾਂ, ਹੁਨਰਾਂ ਅਤੇ ਸ਼ੌਕ ਪੂਰੇ ਕਰਨ ਵਾਲੇ ਕੰਮਾਂ ਵਿਚ ਹਿੱਸਾ ਲੈਣਾ
- **ਵਾਲੰਟੀਅਰਾਂ ਵਾਲੇ ਕੰਮ ਕਰਨ ਦੇ ਮੌਕੇ** - ਕੰਮ ਦਾ ਤਜਰਬਾ ਲੈਣਾ ਆਪਣੇ ਭਾਈਚਾਰੇ ਦੀ ਮਦਦ ਕਰਨਾ
- **ਸਾਡੇ ਕੰਮਾਂ ਵਿਚ ਸ਼ਾਮਿਲ ਕਿਵੇਂ ਹੋਵੋ** - ਤੁਹਾਡੇ ਲਈ ਸੇਵਾਵਾਂ ਤਿਆਰ ਕਰਨ ਵਿਚ ਸਾਨੂੰ ਮਦਦ ਦੇਣਾ।

**ਅਸੀਂ ਕਿਵੇਂ ਕੰਮ ਕਰਦੇ ਹਾਂ** - ਹਰ ਨੌਜਵਾਨ ਆਪਣੀਆਂ ਲੋੜਾਂ ਬਾਰੇ ਅਤੇ ਮਿਲ ਸਕਣ ਵਾਲੀ ਸਹੀ ਕਿਸਮ ਦੀ ਮਦਦ ਬਾਰੇ ਕਿਸੇ **ਪਰਸਨਲ ਐਡਵਾਈਜ਼ਰ** (ਨਿਜੀ ਸਲਹਾਕਾਰ) ਨਾਲ ਗੱਲ ਕਰ ਸਕਦਾ/ਸਕਦੀ ਹੈ ।

ਜੇ ਅਸੀਂ ਮਦਦ ਨਾ ਕਰ ਸਕੀਏ, ਤਾਂ ਅਸੀਂ ਤੁਹਾਡਾ ਸੰਪਰਕ ਕਿਸੇ ਅਜਿਹੇ ਵਿਅਕਤੀ ਨਾਲ ਕਰਵਾਵਾਂਗੇ, ਜੋ ਮਦਦ ਕਰ ਸਕਦਾ ਹੋਵੇ। ਤੁਸੀਂ ਰਾਜ਼ਦਾਰੀ ਨਾਲ ਸਾਡੇ ਨਾਲ ਗੱਲ ਕਰ ਸਕਦੇ ਹੋ, ਅਤੇ ਅਸੀਂ ਤੁਹਾਡੇ ਬਾਰੇ ਜਾਣਕਾਰੀ ਕਿਸੇ ਹੋਰ ਨੂੰ ਨਹੀਂ ਦਿਆਂਗੇ (ਜੇ ਤੁਹਾਨੂੰ ਕੋਈ ਖ਼ਤਰਾ ਨਾ ਹੋਵੇ ਜਾਂ ਸਾਡੇ ਲਈ ਅਜਿਹਾ ਕਰਨਾ ਕਾਨੂੰਨੀ ਤੌਰ 'ਤੇ ਲਾਜ਼ਮੀ ਨਾ ਹੋਵੇ)।

## ਮਾਪਿਆਂ ਅਤੇ ਪਾਲਣ ਕਰਨ ਵਾਲਿਆਂ ਲਈ ਕਨੈਕਸ਼ਨਜ਼

ਖੋਜ ਪੜਤਾਲ ਤੋਂ ਪਤਾ ਲਗਦਾ ਹੈ ਕਿ ਨੌਜਵਾਨਾਂ 'ਤੇ ਸਭ ਤੋਂ ਵੱਧ ਅਹਿਮ ਅਸਰ ਉਹਨਾਂ ਦੇ ਮਾਪਿਆਂ ਅਤੇ ਪਾਲਣ ਕਰਨ ਵਾਲਿਆਂ ਦਾ ਪੈਂਦਾ ਹੈ।

ਸਾਡਾ ਕੰਮ ਤੁਹਾਨੂੰ ਅਜਿਹੀ ਜਾਣਕਾਰੀ ਅਤੇ ਸਲਾਹ ਦੇਣਾ ਹੈ ਜਿਹਦੀ ਲੋੜ ਤੁਹਾਨੂੰ ਆਪਣੇ ਨੌਜਵਾਨ ਬੱਚੇ ਦੀ ਮਦਦ ਕਰ ਸਕੋ। ਸਾਡੇ ਪਰਸਨਲ ਐਡਵਾਈਜ਼ਰ ਇਹ ਕੰਮ ਕਰ ਸਕਦੇ ਹਨ:

- 13 - 19 ਸਾਲ ਦੇ ਨੌਜਵਾਨਾਂ ਲਈ ਕੋਰਸਾਂ ਬਾਰੇ ਤਾਜ਼ੀ ਜਾਣਕਾਰੀ ਦੇਣਾ
- ਕੰਮਾਂ ਧੰਦਿਆਂ, ਨੌਕਰੀਆਂ ਅਤੇ ਸਿਖਲਾਈ ਬਾਰੇ ਜਾਣਕਾਰੀ ਦੇਣਾ
- ਤੁਹਾਡੇ ਪੁੱਤਰ ਜਾਂ ਧੀ ਦੇ ਭਵਿੱਖ ਬਾਰੇ ਜੇ ਤੁਹਾਨੂੰ ਕੋਈ ਚਿੰਤਾ ਹੈ, ਤਾਂ ਉਹਦੇ ਬਾਰੇ ਵਿਚਾਰ ਕਰਨਾ
- ਅਜਿਹੀਆਂ ਹੋਰ ਸੰਸਥਾਵਾਂ ਨਾਲ ਸੰਪਰਕ ਕਰਨ ਵਿਚ ਤੁਹਾਡੀ ਮਦਦ ਕਰਨਾ ਜੋ ਨੌਜਵਾਨਾਂ ਅਤੇ ਉਹਨਾਂ ਦੇ ਪਰਿਵਾਰਾਂ ਦੀ ਮਦਦ ਕਰਦੀਆਂ ਹਨ।

## ਪੜ੍ਹਾਈ ਅਤੇ ਕੰਮ ਬਾਰੇ ਬਾਲਿਗਾਂ ਲਈ ਜਾਣਕਾਰੀ

ਕਨੈਕਸ਼ਨਜ਼ ਸਟੈਫ਼ਰਡਸ਼ਾਇਰ ਪੜ੍ਹਾਈ ਅਤੇ ਕੰਮ ਵਿਚ ਜਾਣ ਵਿਚ ਬਾਲਿਗਾਂ ਦੀ ਮਦਦ ਕਰਨ ਲਈ ਕਈ ਕਿਸਮ ਦੀਆਂ ਸੇਵਾਵਾਂ ਦਿੰਦੀ ਹੈ। ਭਾਵੇਂ ਤੁਸੀਂ ਨੌਕਰੀ ਲੱਭ ਰਹੇ ਹੋ, ਜਾਂ ਕੰਮ ਬਦਲਣਾ ਚਾਹੁੰਦੇ ਹੋ, ਜਾਂ ਕੋਈ ਨਵਾਂ ਕੰਮ ਸਿੱਖ ਕੇ ਯੋਗਤਾ ਹਾਸਿਲ ਕਰਨਾ ਚਾਹੁੰਦੇ ਹੋ - ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ।

ਸਾਡੇ ਕਾਰੋਬਾਰੀ ਮਾਹਿਰ ਪੂਰੇ ਸਟੈਫ਼ਰਡਸ਼ਾਇਰ ਅਤੇ ਸਟੋਕ-ਔਨ-ਟ੍ਰੈਂਟ ਵਿਚ ਕੰਮ ਕਰਦੇ ਹਨ ਜੋ ਪੜ੍ਹਾਈ ਅਤੇ ਕੰਮ ਧੰਦੇ ਦੇ ਸਭ ਪਹਿਲੂਆਂ ਬਾਰੇ ਤੁਹਾਨੂੰ ਸਲਾਹ ਦੇ ਸਕਦੇ ਹਨ, ਜਿਵੇਂ ਕਿ:

- ਕੋਈ ਕੋਰਸ ਜਾਂ ਕੰਮ ਲੱਭਣਾ
- ਕੰਮ ਲੱਭਣ ਦੇ ਢੰਗ
- ਇੰਟਰਵਿਊ ਦੇ ਢੰਗਾਂ ਜਾਂ ਫ਼ਾਰਮ ਭਰਨ ਵਿਚ ਮਦਦ
- ਤੁਹਾਡਾ ਸੀ ਵੀ (ਯੋਗਤਾਵਾਂ ਦਾ ਚਿੱਠਾ) ਤਿਆਰ ਕਰਨ ਵਿਚ ਮਦਦ
- ਕੰਮ ਧੰਦੇ ਬਾਰੇ ਸਲਾਹ
- ਪੜ੍ਹਾਈ ਜਾਂ ਸਿਖਲਾਈ ਲਈ ਮਿਲ ਸਕਣ ਵਾਲੀ ਮਾਲੀ ਮਦਦ ਬਾਰੇ ਜਾਣਕਾਰੀ

… ਅਤੇ ਹੋਰ ਬਹੁਤ ਕੁਝ

## ਹੋਰ ਬੋਲੀਆਂ ਅਤੇ ਰੂਪਾਂ ਵਿਚ ਜਾਣਕਾਰੀ

ਜੇ ਤੁਹਾਨੂੰ ਜਾਣਕਾਰੀ ਕਿਸੇ ਹੋਰ ਬੋਲੀ ਜਾਂ ਹੋਰ ਰੂਪ ਵਿਚ ਚਾਹੀਦੀ ਹੈ, ਤਾਂ ਆਪਣੀਆਂ ਲੋੜਾਂ ਬਾਰੇ ਦੱਸਣ ਲਈ ਸਾਡੇ ਨਾਲ ਗੱਲ ਕਰੋ। ਅਸੀਂ ਤੁਹਾਡੀ ਮਦਦ ਕਰਨ ਦਾ ਪੂਰਾ ਯਤਨ ਕਰਾਂਗੇ।

## ਜੇ ਤੁਸੀਂ ਨੌਜਵਾਨ ਮਾਪੇ ਜਾਂ ਪਾਲਣ ਕਰਨ ਵਾਲੇ ਹੋ, ਤਾਂ ਸਾਡੇ ਨਾਲ ਸੰਪਰਕ ਕਿਵੇਂ ਕਰੋ

- ਪਰਸਨਲ ਐਡਵਾਈਜ਼ਰ (ਨਿਜੀ ਸਲਾਹਕਾਰ) ਸਕੂਲਾਂ ਅਤੇ ਕਾਲਿਜਾਂ ਵਿਚ ਕੰਮ ਕਰਦੇ ਹਨ। ਇਹਨਾਂ ਬਾਰੇ ਜਾਣਕਾਰੀ ਅਤੇ ਸਕੂਲ ਜਾਂ ਕਾਲਿਜ ਤੋਂ ਲਓ।
- ਆਪਣੇ ਨੇੜੇ ਦੇ ਕਨੈਕਸ਼ਨਜ਼ ਸੈਂਟਰ ਵਿਚ ਸਾਨੂੰ ਮਿਲੋ। ਇਹਨਾਂ ਸੈਂਟਰਾਂ ਬਾਰੇ ਜਾਣਕਾਰੀ ਸਾਡੀ ਵੈੱਬਸਾਈਟ 'ਤੇ ਮਿਲ ਸਕਦੀ ਹੈ।
- ਸਾਨੂੰ ਨੰਬਰ **0808 1000 434** 'ਤੇ ਫ਼ੋਨ ਕਰੋ (ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤਕ)

  ਜਾਂ

  ਸਾਡੀ ਆਊਟ ਆੱਵ ਆਵਰਜ਼ ਸਰਵਿਸ ਕਨੈਕਸ਼ਨ ਡਾਇਰੈਕਟ ਨੂੰ ਨੰਬਰ **080 800 13219** 'ਤੇ ਫ਼ੋਨ ਕਰੋ (ਸਵੇਰੇ 8 ਵਜੇ ਤੋਂ ਰਾਤ 2 ਵਜੇ ਤਕ)
- ਸਾਨੂੰ ਇਸ ਪਤੇ 'ਤੇ ਈਮੇਲ ਭੇਜੋ - **info@cxstaffs.co.uk**

## ਜੇ ਤੁਸੀਂ ਬਾਲਿਗ ਹੋ ਅਤੇ ਤੁਹਾਨੂੰ ਕੰਮ ਜਾਂ ਪੜ੍ਹਾਈ ਬਾਰੇ ਸਲਾਹ ਚਾਹੀਦੀ ਹੈ, ਤਾਂ ਸਾਡੇ ਨਾਲ ਸੰਪਰਕ ਕਿਵੇਂ ਕਰੋ

- ਸਾਨੂੰ ਨੰਬਰ **0800 298 0234** 'ਤੇ ਫ਼ੋਨ ਕਰੋ (ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤਕ)
- ਸਾਨੂੰ ਇਸ ਪਤੇ 'ਤੇ ਈਮੇਲ ਭੇਜੋ - **info@cxstaffs.co.uk**